# ਸੱਭਿਆਚਾਰ ਤੇ ਭਾਸ਼ਾ

ਭਾਸ਼ਾ ਅਤੇ ਸੱਭਿਆਚਾਰ ਦਾ ਬਹੁਤ ਡੂੰਘਾ ਸੰਬੰਧ ਹੈ। ਭਾਸ਼ਾ ਸੱਭਿਅਤਾ ਦਾ ਚਿੰਨ੍ਹ ਹੈ। ਜੇ ਕਿਸੇ ਵੀ ਸੱਭਿਆਚਾਰਕ ਵਰਤਾਰੇ ਨਾਲੋਂ ਭਾਸ਼ਾ ਨੂੰ ਅਲੱਗ ਕਰ ਦਈਏ ਤਾਂ ਉਹ ਵਰਤਾਰਾ ਕਿਸੇ ਮਨੁੱਖੀ ਸਮਾਜ ਦਾ ਵਰਤਾਰਾ ਹੋਵੇਗਾ ਜਾਂ ਨਹੀਂ ਇਹ ਕਹਿਣਾ ਕਠਿਨ ਹੈ। ਭਾਸ਼ਾ ਸਾਰਥਕ ਪ੍ਰਤੀਕਾਂ ਦਾ ਸਮੂਹ ਹੈ। ਭਾਸ਼ਾ ਨੂੰ ਸਾਰਥਕਤਾ ਉਹ ਸੱਭਿਆਚਾਰ ਪ੍ਰਦਾਨ ਕਰਦਾ ਹੈ ਜਿਸ ਵਿਚ ਉਹ ਬੋਲੀ ਜਾਂਦੀ ਹੈ। ਸੱਭਿਆਚਾਰਕ ਮਨੁੱਖ ਦਾ ਸਿੱਖਿਆ ਹੋਇਆ ਵਿਹਾਰ ਹੈ।

## 1. ਭਾਸ਼ਾ ਅਤੇ ਸੱਭਿਆਚਾਰ ਦਾ ਆਪਣਾ ਆਪਣਾ ਸਿਸਟਮ ਹੈ:–

ਸਾਸਿਉਰ ਅਨੁਸਾਰ "ਭਾਸ਼ਾ ਚਿਹਨਾਂ ਦਾ ਉਹ ਜਟਿਲ ਸਿਸਟਮ ਹੈ ਜਿਸ ਦੇ ਸਹਾਰੇ ਮਨੁੱਖ ਵਿਚਾਰ ਪ੍ਰਗਟਾਉਂਦੇ ਹਨ। ਇਸ ਸਿਸਟਮ ਦੀ ਤੁਲਨਾ ਲਿਖਤ ਪ੍ਰਣਾਲੀ, ਗੂੰਗੇ ਬੋਲਿਆਂ ਦੁਆਰਾ ਵਰਤੇ ਜਾਂਦੇ ਵਰਣਮਾਲਾ ਪ੍ਰਬੰਧ ਪ੍ਰਤੀਕਾਤਮਕ ਕਰਮ-ਕਾਂਡ ਵਿਧਾਨ, ਸ਼ਿਸ਼ਟਾਚਾਰ ਦੇ ਨਿਯਮ ਸੈਨਿਕ ਸੰਕੇਤ ਪ੍ਰਬੰਧ ਆਦਿ ਨਾਲ ਕੀਤੀ ਜਾ ਸਕਦੀ ਹੈ।

## 2. ਭਾਸ਼ਾ ਅਤੇ ਸੱਭਿਆਚਾਰ ਦੋਹਾਂ ਨੂੰ ਗ੍ਰਹਿਣ ਕਰਨਾ ਪੈਂਦਾ ਹੈ:–

ਭਾਸ਼ਾ ਅਤੇ ਸੱਭਿਆਚਾਰ ਦੋਵੇਂ ਮਨੁੱਖ ਦੀ ਸਮਾਜਕ ਵਿਰਾਸਤ ਹਨ, ਜੀਵਾਤਮਕ ਨਹੀਂ ਇਸ ਲਈ ਭਾਸ਼ਾ ਅਤੇ ਸੱਭਿਆਚਾਰ ਪੀੜ੍ਹੀ ਦਰ ਪੀੜ੍ਹੀ ਗ੍ਰਹਿਣ ਕੀਤੇ ਜਾਣ ਵਾਲੇ ਵਰਤਾਰੇ ਹਨ। ਜਿਸ ਤਰ੍ਹਾਂ ਬੱਚਾ ਉਹੀ ਭਾਸ਼ਾ ਗ੍ਰਹਿਣ ਕਰਦਾ ਹੈ ਜਿਸ ਵਿੱਚ ਉਸਦੇ ਪਰਿਵਾਰ ਦੇ ਲੋਕ ਗੱਲਬਾਤ ਕਰਦੇ ਹਨ ਉਵੇਂ ਹੀ ਭਾਸ਼ਾ ਦੁਆਰਾ ਬੱਚਾ ਸੱਭਿਆਚਾਰਕ ਰਹਿਤਾਂ-ਕੀਮਤਾਂ ਨੂੰ ਗ੍ਰਹਿਣ ਕਰਦਾ ਹੈ। ਭਾਸ਼ਾ ਤੇ ਸੱਭਿਆਚਾਰ ਕਿਉਂਕਿ ਇਕੋ ਪਰਿਵਾਰ ਦੇ ਦੋ ਪਹਿਲੂ ਹਨ।

## 3. ਸੰਚਾਰ ਭਾਸ਼ਾ ਦੀ ਪ੍ਰਾਥਮਿਕ ਵਿਸ਼ੇਸ਼ਤਾ ਹੈ ਸੱਭਿਆਚਾਰ ਦੀ ਨਹੀਂ:–

ਭਾਸ਼ਾ ਅਤੇ ਸੱਭਿਆਚਾਰ ਦੋਹਾਂ ਵਿਚ ਸੰਚਾਰ ਦਾ ਗੁਣ ਵੀ ਮੌਜੂਦ ਹੁੰਦਾ ਹੈ। ਸੰਚਾਰ ਭਾਸ਼ਾ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਹੈ ਜਦੋਂ ਕਿ ਸੱਭਿਆਚਾਰ ਦੀ ਸਿਰਜਣਾ ਕੇਵਲ ਸੰਚਾਰ ਦੇ ਪੱਖ ਤੋਂ ਨਹੀਂ ਕੀਤੀ ਗਈ ਹੁੰਦੀ। ਦੋਵਾਂ ਦਾ ਆਧਾਰ ਪ੍ਰਤੀਕਾਂ ਦਾ ਸਿਸਟਮ ਹੈ।

4. ਭਾਸ਼ਾ ਅਤੇ ਸੱਭਿਆਚਾਰ ਦੋਵੇਂ ਹੀ ਪਰਿਵਰਤਨਸ਼ੀਲ ਹਨ :-

ਭਾਸ਼ਾ ਅਤੇ ਸੱਭਿਆਚਾਰ ਦਾ ਆਧਾਰ ਸਮਾਜ ਹੈ। ਸਮਾਜ ਹਮੇਸ਼ਾ ਬਦਲਦਾ ਰਹਿੰਦਾ ਹੈ। ਇਸ ਲਈ ਭਾਸ਼ਾ ਅਤੇ ਸੱਭਿਆਚਾਰ ਵਿਚ ਪਰਿਵਰਤਨ ਹੋਣਾ ਵੀ ਲਾਜ਼ਮੀ ਹੁੰਦਾ ਹੈ। ਭਾਸ਼ਾ ਤੇ ਸੱਭਿਆਚਾਰ ਦੇ ਪਰਿਵਰਤਨ ਦੇ ਕਾਰਨ ਤਾਂ ਵੱਖ-ਵੱਖ ਹੁੰਦੇ ਹਨ ਪਰ ਇਹ ਕਾਰਨ ਇੱਕ ਦੂਜੇ ਨੂੰ ਪ੍ਰਭਾਵਿਤ ਜ਼ਰੂਰ ਕਰਦੇ ਹਨ।

5 ਸਭਿਆਚਾਰ ਵਾਂਗ ਹੀ ਭਾਸ਼ਾ ਵਿਚ ਵੀ ਵੰਨ ਸਵੰਨਤਾ ਹੁੰਦੀ ਹੈ :-

ਸਮਾਜ ਦੀ ਵੰਨਗੀ ਵਿੱਚ ਉਸ ਦੀਆਂ ਭੂਗੋਲਿਕ, ਇਤਿਹਾਸਿਕ ਹਾਲਾਤ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਵੰਨ-ਸਵੰਨੇ ਸਭਿਆਚਾਰ ਨੂੰ ਗ੍ਰਹਿਣ ਕਰਨ ਅਤੇ ਅਗਲੀ ਪੀੜੀ ਲਈ ਉਸ ਦਾ ਸੰਚਾਰ ਕਰਨ ਲਈ ਭਾਸ਼ਾ ਅੰਦਰ ਵੀ ਵੰਨ-ਸਵੰਨਤਾ ਦਾ ਗੁਣ ਪੈਦਾ ਹੋ ਜਾਂਦਾ ਹੈ।

6. ਭਾਸ਼ਾ ਸਭਿਆਚਾਰ ਦਾ ਇਕ ਮਹੱਤਵਪੂਰਨ ਤੱਤ ਵੀ ਹੈ ਅਤੇ ਇਸਦਾ ਸੰਚਾਰ ਮਾਧਿਅਮ ਵੀ :-

ਭਾਸ਼ਾ ਸਭਿਆਚਾਰ ਨਾਲ ਦੂਹਰਾ ਸੰਬੰਧ ਰੱਖਦੀ ਹੈ। ਕਿਸੇ ਵੀ ਸੱਭਿਆਚਾਰ ਨੂੰ ਜਾਣਨ, ਉਸਦਾ ਇਤਿਹਾਸ ਲਿਖਣ ਤੇ ਲਿਖੇ ਇਤਿਹਾਸ ਨੂੰ ਸੰਭਾਲਣ ਹਿੱਤ ਕਾਰਜ ਭਾਸ਼ਾ ਰਾਹੀਂ ਹੀ ਸੰਭਵ ਹਨ। ਭਾਸ਼ਾ ਅੰਦਰ ਹੀ ਪੈਟਰਨ ਬਣਾਉਣ ਤੇ ਵੱਖ-ਵੱਖ ਵਰਤਾਰਿਆਂ ਨੂੰ ਵੱਖ-ਵੱਖ ਪੈਟਰਨਾਂ ਵਿਚ ਪ੍ਰਗਟਾਉਣ ਦੀ ਸਮਰੱਥਾ ਹੁੰਦੀ ਹੈ।

7 ਭਾਸ਼ਾ ਸਭਿਆਚਾਰਕ ਸਿਰਜਣਾ ਹੈ ਸੱਭਿਆਚਾਰ ਭਾਸ਼ਾ ਦੀ ਸਿਰਜਣਾ ਨਹੀਂ

ਭਾਸ਼ਾ ਸੱਭਿਆਚਾਰ ਦੇ ਸੰਚਾਰ ਦੇ ਗੁਣ ਨੂੰ ਪ੍ਰਗਟ ਕਰਦੀ ਹੈ। ਸਭਿਆਚਾਰ ਇਕ ਵਿਸ਼ਾਲ ਸਿਸਟਮ ਹੈ ਜਦੋਂ ਕਿ ਭਾਸ਼ਾ ਉਸ ਦਾ ਇਕ ਅੰਗ ਮਾਤਰ ਹੈ, ਪੂਰਾ ਸਮੁੱਚ ਨਹੀਂ ਹੈ। ਭਾਸ਼ਾ ਸਭਿਆਚਾਰ ਦਾ ਬਦਲ ਨਹੀਂ ਹੈ। ਉਸਨੂੰ ਸੰਭਾਲਣ ਤੇ ਗ੍ਰਹਿਣ ਕਰਨ ਦਾ ਇਕ ਸਾਧਨ ਮਾਤਰ ਹੈ।